# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
## ਸਮੱਗਰਾ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
ਪੀ.ਐਸ.ਈ.ਬੀ. ਕੰਪਲੈਕਸ, ਈ-ਬਲਾਕ, ਪੰਜਵੀਂ ਮੰਜ਼ਿਲ, ਫੇਜ-8, ਐਸ.ਏ.ਐਸ ਨਗਰ (ਮੋਹਾਲੀ), ਪੰਜਾਬ

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.)
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ (ਵੈਬਸਾਈਟ ਰਾਹੀਂ)
ਸਮੂਹ ਸਕੂਲ ਮੁਖੀ (ਵੈਬਸਾਈਟ ਰਾਹੀਂ)

ਮੀਮੋ ਨੰ: SSA/Uniform/2018-19/141048 ਮਿਤੀ: 10-05-2019

**ਵਿਸਾ:** ਸਾਲ 2018-19 **ਦੌਰਾਨ ਸਪਲਾਈ ਕੀਤੀਆ ਜਾ ਰਹੀਆਂ ਸਕੂਲੀ ਵਰਦੀਆ ਸਬੰਧੀ ।**

**ਹਵਾਲਾ:- ਇਸ ਦਫਤਰ ਦਾ ਪੱਤਰ ਨੰ: SSA/Uniforms/2018-19/57426 Dated 21-02-19, ਪੱਤਰ ਨੰ: SSA/Uniforms/2018-19/93901 Dated 26-03-19 ਅਤੇ ਪੱਤਰ ਨੰ: SSA/Uniforms/2018-19/123669 Dated 23-04-19 ਅਤੇ ਪੱਤਰ ਨੰ: SSA/Uniforms/2018-19/132475 ਮਿਤੀ** 01-05-2019.

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰਾਂ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਹਵਾਲਾ ਪੱਤਰਾਂ ਰਾਹੀਂ ਦਿੱਡੀਆਂ ਹਦਾਇਤਾਂ ਦੇ ਸਨਮੁੱਖ ਆਪ ਵੱਲੋਂ ਸਕੂਲਾਂ ਵਿੱਚ ਵਰਦੀਆਂ ਦੇ ਸਾਈਜ਼ ਸਬੰਧੀ ਆ ਰਹੀਆ ਸਮੱਸਿਆਵਾਂ ਦਾ ਨਿਪਟਾਰਾ ਕਰਦੇ ਹੋਏ ਹਰੇਕ ਵਿਦਿਆਰਥੀ ਨੂੰ ਉਸ ਦੇ ਸਾਈਜ਼ ਮੁਤਾਬਿਕ ਵਰਦੀ ਮੁਹੱਈਆ ਕਰਵਾਈ ਜਾਣੀ ਸੀ। ਹਰੇਕ ਜ਼ਿਲ੍ਹੇ ਦੇ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਲੋੜੀਂਦੇ ਸਾਈਜ਼ ਦੀਆਂ ਵਰਦੀਆਂ ਮੁਹੱਈਆ ਕਰਵਾਉਣ ਉਪਰੰਤ ਸਬੰਧਤ ਬੀਪੀਈਓ ਤੋਂ ਸਰਟੀਫਿਕੇਟ ਪ੍ਰਾਪਤ ਕਰਕੇ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.) ਵੱਲੋਂ ਮੁੱਖ ਦਫਤਰ ਨੂੰ ਸੂਚਿਤ ਕੀਤਾ ਜਾਣਾ ਸੀ। ਪ੍ਰੰਤੂ ਅਜੇ ਤੱਕ ਇਸ ਦਫਤਰ ਨੂੰ ਕਿਸੇ ਵੀ ਜ਼ਿਲ੍ਹੇ ਤੋਂ ਕੋਈ ਰਿਪੋਰਟ ਪ੍ਰਾਪਤ ਨਹੀਂ ਹੋਈ।

3.0 ਆਪ ਨੂੰ ਮੁੜ ਤੋਂ ਹਦਾਇਤ ਕੀਤੀ ਜਾਂਦੀ ਹੈ ਕਿ ਸਾਈਜ਼ ਮੁਤਾਬਿਕ ਵਿਦਿਆਰਥੀਆਂ ਨੂੰ ਵਰਦੀਆਂ ਮੁਹੱਈਆ ਕਰਵਾਉਣ ਉਪਰੰਤ ਹੇਠ ਦਿੱਤੇ ਪ੍ਰੋਫਾਰਮੇ ਵਿੱਚ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ:-

| ਜ਼ਿਲ੍ਹਾ | ਬਲਾਕ ਦਾ ਨਾਮ | ਕਿੰਨੇ ਅਤੇ ਕਿਹੜੇ ਬਲਾਕਾਂ ਵਿੱਚ ਵਰਦੀਆਂ ਦੇ ਸਾਈਜ਼ ਬਦਲਣ ਦੀ ਪ੍ਰਕ੍ਰਿਆ ਪੂਰੀ ਹੋ ਚੁੱਕੀ ਹੈ? | ਕੀ ਸਾਰੇ ਯੋਗ ਵਿਦਿਆਰਥੀਆਂ ਨੂੰ ਵਰਦੀਆਂ ਮੁਹੱਈਆ ਹੋ ਗਈਆਂ ਹਨ? (ਹਾਂ/ਨਹੀਂ) ਨਹੀਂ ਦੀ ਸੂਰਤ ਵਿੱਚ ਦੱਸਿਆ ਜਾਵੇ ਕਿ ਕਿਹੜੇ-2 ਬਲਾਕ ਵਿੱਚ ਕਿੰਨੇ ਵਿਦਿਆਰਥੀਆਂ ਨੂੰ ਵਰਦੀ ਨਹੀਂ ਮਿਲੀ? |
|---|---|---|---|
| | | | |

4.0 ਆਪ ਵੱਲੋਂ ਇਹ ਵੀ ਸੁਨਿਸ਼ਚਿਤ ਕੀਤਾ ਜਾਵੇ ਕਿ ਹਰੇਕ ਬੀਪੀਈਓ ਵੱਲੋਂ ਮਿਤੀ 11-05-2019 ਤੱਕ ਆਪਣੇ ਬਲਾਕ ਦੇ ਸਕੂਲਾਂ ਦੀ ਬਦਲਾਈ ਜਾਣ ਵਾਲੀ ਵਰਦੀ ਦੀ ਗਿਣਤੀ ਅਤੇ ਲੋੜੀਂਦੇ ਸਾਈਜ਼ ਸਬੰਧਤ ਫਰਮ ਨੂੰ ਦਿੱਤੇ ਜਾਣ ਤਾਂ ਜੋ ਫਰਮ ਵੱਲੋਂ ਲੋੜੀਂਦੀ ਕਾਰਵਾਈ ਕੀਤੀ ਜਾ ਸਕੇ।

5.0 ਉਕਤ ਕੀਤੀ ਗਈ ਕਾਰਵਾਈ ਦੀ ਰਿਪੋਰਟ ਦਿੱਤੇ ਪ੍ਰੋਫਾਰਮੇ ਮੁਤਾਬਿਕ ਇਸ ਦਫਤਰ ਨੂੰ ਮਿਤੀ 14-05-2019 ਤੱਕ ਭੇਜਣੀ ਯਕੀਨੀ ਬਣਾਈ ਜਾਵੇ।

ਸਟੇਟ ਪ੍ਰੋਜੈਕਟ ਡਾਇਰੈਕਟਰ
ਸਮੱਗਰਾ ਸਿੱਖਿਆ ਅਭਿਆਨ
ਪੰਜਾਬ

ਪਿੱਠ ਅੰਕਣ ਨੰ: SSA/Uniform/2018-19/ ਮਿਤੀ:

ਉਪਰੋਕਤ ਦਾ ਉਤਾਰਾ ਸਬੰਧਤ ਫਰਮਾਂ Khadim India Ltd, Manjeet Plastic Industries ਅਤੇ Unifab Textile ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਨ੍ਹਾਂ ਵੱਲੋਂ ਸਬੰਧਤ ਬੀਪੀਈਓਜ਼ ਨਾਲ ਤਾਲਮੇਲ ਰਾਹੀਂ ਵਰਦੀਆਂ ਦੇ ਸਾਈਜ਼ ਬਦਲਾਉਣੇ ਯਕੀਨੀ ਬਣਾਏ ਜਾਣ।

-ਸਹੀ-
ਸਟੇਟ ਪ੍ਰੋਜੈਕਟ ਡਾਇਰੈਕਟਰ
ਸਮੱਗਰਾ ਸਿੱਖਿਆ ਅਭਿਆਨ
ਪੰਜਾਬ